OFFICE OF THE
BRITISH COLUMBIA CONTAINER
TRUCKING COMMISSIONER

# ਟਰੱਕ ਟੈਗ ਸਿਸਟਮ ਮਸ਼ਵਰਾ

## ਸਬਮਿਸ਼ਨ ਸਾਰ ਰਿਪੋਰਟ

18 ਜਨਵਰੀ 2017 ਨੂੰ ਆਫਿਸ ਆਫ ਦ ਬੀ.ਸੀ. ਕੰਟੇਨਰ ਟਰੱਕਿੰਗ ਕਮਿਸ਼ਨਰ (ਓਬੀਸੀਸੀਟੀਸੀ-OBCCTC) ਨੇ ਟਰੱਕ ਟੈਗ ਸਿਸਟਮ ਦੇ ਮਸ਼ਵਰੇ ਦੇ ਹਿੱਸੇ ਵਜੋਂ ਬੇਨਤੀਆਂ ਲਈ ਇੱਕ ਬੁਲੇਟਿਨ ਜਾਰੀ ਕੀਤਾ। ਲਿਖਤੀ ਬੇਨਤੀਆਂ ਲਈ ਆਖਰੀ ਤਾਰੀਖ 31 ਮਾਰਚ, 2017 ਤੱਕ ਵਧਾ ਦਿੱਤੀ ਗਈ ਸੀ।

ਓ ਬੀ ਸੀ ਸੀ ਟੀ ਸੀ ਨੂੰ ਲਸੰਸਧਾਰੀਆਂ, ਡਰਾਈਵਰਾਂ ਅਤੇ ਸ਼ਿੱਪਰਾਂ ਅਤੇ ਕਾਮਿਆਂ, ਟਰੱਕਿੰਗ ਅਤੇ ਬੰਦਰਗਾਹਾਂ ਦੇ ਹਿੱਤਾਂ ਦੀ ਪ੍ਰਤਿਨਿਧਤਾ ਕਰਨ ਵਾਲੇ ਸੰਗਠਨਾਂ ਤੋਂ ਪੰਦਰਾਂ (15) ਬੇਨਤੀਆਂ ਪ੍ਰਾਪਤ ਹੋਈਆਂ ਸਨ। ਨਾਲ ਨੱਥੀ ਇੱਕ ਸਬਮਿਸ਼ਨ ਸਾਰ ਰਿਪੋਰਟ ਹੈ ਜੋ 15 ਪੇਸ਼ਕਾਰਾਂ ਦੁਆਰਾ ਅਗੇ ਰੱਖੇ ਗਏ ਮੁੱਦਿਆਂ ਅਤੇ ਸਿਫਾਰਸ਼ਾਂ ਦਾ ਸਾਰ ਦਿੰਦੀ ਹੈ।

ਇਸ ਰਿਪੋਰਟ ਨੂੰ ਓ ਬੀ ਸੀ ਸੀ ਟੀ ਸੀ ਦੇ ਪ੍ਰਸਤਾਵਾਂ ਲਈ ਬੇਨਤੀ (ਆਰ ਐੱਫ ਪੀ) ਦੇ ਸਫਲ ਪ੍ਰੇਰਕ ਨਾਲ ਸਾਂਝਾ ਕੀਤਾ ਜਾਵੇਗਾ, ਜੋ ਕਿ ਸੁਤੰਤਰ, ਤੀਜੇ ਧਿਰ ਦੇ ਟਰਾਂਸਪੋਰਟ ਮਾਹਰ ਦੀ ਸਲਾਹ ਸੇਵਾਵਾਂ ਦੀ ਮੰਗ ਕਰਦੀ ਸੀ। ਇਸ ਮਾਹਰ ਨੂੰ ਇਕ ਨਵੇਂ ਟਰੱਕ ਟੈਗ ਸਿਸਟਮ ਦੇ ਵਿਕਾਸ ਅਤੇ ਸੰਚਾਲਨ ਦਾ ਮੁਲਾਂਕਣ ਕਰਨ ਅਤੇ ਉਸ ਬਾਰੇ ਸਿਫਾਰਸ਼ਾਂ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾਵੇਗੀ। ਕੰਮ ਦੇ ਪੂਰਾ ਹੋਣ ਤੇ ਪਰਿਣਾਮੀ ਅਧਿਐਨ ਅਤੇ ਸਿਫ਼ਾਰਿਸ਼ਾਂ ਸਾਰੇ ਹਿੱਸੇਦਾਰਾਂ ਨੂੰ ਉਪਲਬਧ ਕਰਾਈਆਂ ਜਾਣਗੀਆਂ ਅਤੇ, ਜਦੋਂ ਓ ਬੀ ਸੀ ਸੀ ਟੀ ਸੀ ਦੁਆਰਾ ਪ੍ਰਾਪਤ ਕੀਤੀਆਂ ਸਬਮੀਸ਼ਨਾਂ ਦੇ ਨਾਲ ਉਨ੍ਹਾਂ ਦਾ ਮਿਲਾਪ ਕੀਤਾ ਜਾਵੇਗਾ, ਇਹ ਡ੍ਰਾਫਟ ਟਰੱਕ ਟੈਗ ਸਿਸਟਮ ਪਾਲਿਸੀ ਦਾ ਆਧਾਰ ਬਣੇਗਾ।

ਦਿਲੋਂ,

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**

ਮਾਈਕਲ ਕਰੌਫੋਰਡ
ਡਿਪਟੀ ਕਮਿਸ਼ਨਰ

1085 Cambie St. Vancouver, BC V6B 5L7 | P: 604-660-6051 | F: 604-660-6045 | info@obcctc.ca